StartingBlocks.gov.au

# ਰੁੜ੍ਹਨ ਵਾਲੇ ਬੱਚਿਆਂ ਵਾਸਤੇ ਇੱਕ ਗੁਣਵੱਤਾ ਭਰਪੂਰ ਸ਼ੁਰੂਆਤੀ ਸਿੱਖਿਆ ਸੇਵਾ ਕਿਸ ਤਰ੍ਹਾਂ ਦਿਖਾਈ ਦਿੰਦੀ ਹੈ?

**ਰੁੜ੍ਹਨ ਵਾਲੇ ਬੱਚਿਆਂ ਵਾਸਤੇ ਗੁਣਵੱਤਾ ਭਰਪੂਰ ਸ਼ੁਰੂਆਤੀ ਬਚਪਨ ਦੀ ਸਿੱਖਿਆ ਅਤੇ ਸੰਭਾਲ ਨੂੰ ਕੇਂਦਰ-ਆਧਾਰਿਤ ਲੰਬੀ ਦੈਨਿਕ ਸੰਭਾਲ ਅਤੇ ਪਰਿਵਾਰਕ ਦੈਨਿਕ ਸੰਭਾਲ ਸੇਵਾਵਾਂ ਦੋਨਾਂ ਵਿੱਚ ਦੇਖਿਆ ਜਾ ਸਕਦਾ ਹੈ। ਏਥੇ ਇਸ ਬਾਰੇ ਕੁਝ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਆਪਣੇ ਰੁੜ੍ਹਨ ਵਾਲੇ ਬੱਚੇ ਵਾਸਤੇ ਕਿਸੇ ਗੁਣਵੱਤਾ ਭਰਪੂਰ ਸ਼ੁਰੂਆਤੀ ਸਿੱਖਿਆ ਸੇਵਾ ਦੀ ਚੋਣ ਕਰਦੇ ਸਮੇਂ ਕੀ ਕੁਝ ਦੇਖਣਾ ਹੈ ਅਤੇ ਕਿਸ ਚੀਜ਼ ਬਾਰੇ ਪੁੱਛਣਾ ਹੈ।**

ਇੱਕ ਮਾਪੇ ਵਜੋਂ, ਤੁਸੀਂ ਆਪਣੇ ਰੁੜ੍ਹਨ ਵਾਲੇ ਬੱਚੇ ਵਾਸਤੇ ਸਭ ਤੋਂ ਵਧੀਆ ਸੰਭਵ ਸ਼ੁਰੂਆਤੀ ਸਿੱਖਿਆ ਸੇਵਾ ਲੱਭਣੀ ਚਾਹੁੰਦੇ ਹੋ। ਇਹ ਫੈਸਲਾ ਕਰਨ ਲਈ ਕਿ ਕੀ ਕੋਈ ਸੇਵਾ ਤੁਹਾਡੇ ਬੱਚੇ ਲਈ ਢੁਕਵੀਂ ਹੋਵੇਗੀ ਜਾਂ ਨਹੀਂ, ਤੁਹਾਨੂੰ ਸੇਵਾ ਵਿਖੇ ਘੱਟੋ-ਘੱਟ ਇੱਕ ਵਾਰ ਫੇਰੀ ਪਾਉਣੀ ਚਾਹੀਦੀ ਹੈ - ਤਾਂ ਜੋ ਦੇਖਿਆ ਜਾ ਸਕੇ ਕਿ ਦਿਨ-ਪ੍ਰਤੀ-ਦਿਨ ਦੇ ਆਧਾਰ 'ਤੇ ਕੀ ਵਾਪਰਦਾ ਹੈ। ਇਹ ਤੁਹਾਨੂੰ ਇਸ ਚੀਜ਼ ਦੀ ਇੱਕ ਸਪੱਸ਼ਟ ਤਸਵੀਰ ਬਣਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਕੀ ਸੇਵਾ ਦੀਆਂ ਰਵਾਇਤਾਂ ਤੁਹਾਡੇ ਪਰਿਵਾਰ ਅਤੇ ਬੱਚੇ ਦੀਆਂ ਲੋੜਾਂ ਦੀ ਪੂਰਤੀ ਕਰਨਗੀਆਂ।

## ਗੁਣਵੱਤਾ ਮਾਅਨੇ ਕਿਉਂ ਰੱਖਦੀ ਹੈ?

ਤੁਹਾਡੇ ਬੱਚੇ ਦੇ ਪਹਿਲੇ 5 ਸਾਲਾਂ ਵਿੱਚ ਉਸਦਾ ਦਿਮਾਗ ਤੇਜ਼ੀ ਨਾਲ ਵਿਕਸਿਤ ਹੁੰਦਾ ਹੈ ਅਤੇ ਖੋਜ ਦਿਖਾਉਂਦੀ ਹੈ ਕਿ ਆਪਣੇ ਜੀਵਨਾਂ ਵਿੱਚ ਕਿਸੇ ਵੀ ਹੋਰ ਸਮੇਂ ਦੇ ਮੁਕਾਬਲੇ ਬੱਚੇ ਇਹਨਾਂ ਸਾਲਾਂ ਦੌਰਾਨ ਵਧੇਰੇ ਤੇਜ਼ੀ ਨਾਲ ਸਿੱਖਦੇ ਅਤੇ ਵਿਕਸਿਤ ਹੁੰਦੇ ਹਨ। ਖੋਜ ਸਾਨੂੰ ਇਹ ਵੀ ਦੱਸਦੀ ਹੈ ਕਿ ਗੁਣਵੱਤਾ ਭਰਪੂਰ ਸ਼ੁਰੂਆਤੀ ਸਿੱਖਿਆ ਸੇਵਾਵਾਂ, ਤੁਹਾਡੇ ਬੱਚੇ ਦੀ ਭਾਸ਼ਾ, ਬੌਧਿਕ, ਮੋਟਰ ਅਤੇ ਸਮਾਜਕ ਭਾਵਨਾਤਮਕ ਮੁਹਾਰਤਾਂ ਦੇ ਨਿਰੰਤਰ ਵਿਕਾਸ ਵਾਸਤੇ ਸਹਿਯੋਗ ਅਤੇ ਉਤਸ਼ਾਹ ਪ੍ਰਦਾਨ ਕਰਾਉਂਦੀਆਂ ਹਨ।

ਤੁਹਾਡਾ ਅਤੇ ਤੁਹਾਡੇ ਪਰਿਵਾਰ ਦਾ ਤੁਹਾਡੇ ਰੁੜ੍ਹਨ ਵਾਲੇ ਬੱਚੇ ਉੱਤੇ ਸਭ ਤੋਂ ਅਹਿਮ ਪ੍ਰਭਾਵ ਪੈਂਦਾ ਹੈ, ਅਤੇ ਜਦ ਉਹ ਕਿਸੇ ਸ਼ੁਰੂਆਤੀ ਸਿੱਖਿਆ ਸੇਵਾ ਵਿਖੇ ਹਾਜ਼ਰੀ ਭਰਦੇ ਹਨ, ਤਾਂ ਓਥੇ ਵਾਪਰਨ ਵਾਲੇ ਅਨੁਭਵ ਅਤੇ ਰਿਸ਼ਤੇ ਵੀ ਮਹੱਤਵਪੂਰਨ ਹੁੰਦੇ ਹਨ।

ਗੁਣਵੱਤਾ ਭਰਪੂਰ ਸ਼ੁਰੂਆਤੀ ਸਿੱਖਿਆ ਸੇਵਾ ਦੀਆਂ ਸਭ ਤੋਂ ਅਹਿਮ ਵਿਲੱਖਣਤਾਵਾਂ ਵਿੱਚੋਂ ਕੁਝ ਹੇਠ ਲਿਖੇ ਦੇ ਗਿਰਦ ਘੁੰਮਦੀਆਂ ਹਨ:



## ਰਿਸ਼ਤੇ ਅਤੇ ਅੰਤਰਕਿਰਿਆਵਾਂ

ਗੁਣਵੱਤਾ ਭਰਪੂਰ ਸ਼ੁਰੂਆਤੀ ਸਿੱਖਿਆ ਸੇਵਾਵਾਂ ਬੱਚਿਆਂ ਅਤੇ ਸਿੱਖਿਅਕਾਂ ਵਿਚਕਾਰ ਅਰਥਪੂਰਨ ਰਿਸ਼ਤਿਆਂ ਦੇ ਵਿਕਾਸ ਨੂੰ ਬੇਹੱਦ ਮਹੱਤਤਾ ਦਿੰਦੀਆਂ ਹਨ। ਤੁਹਾਡੇ ਬੱਚੇ ਅਤੇ ਸਿੱਖਿਅਕਾਂ ਵਿਚਕਾਰ ਕਈ ਨਿੱਘੀਆਂ, ਦੋਸਤਾਨਾ ਅਤੇ ਆਦਰ-ਭਰਪੂਰ ਅੰਤਰਕਿਰਿਆਵਾਂ ਤੁਹਾਡੇ ਬੱਚੇ ਦੀਆਂ ਸਮਾਜਕ ਅਤੇ ਭਾਵਨਾਤਮਕ ਮੁਹਾਰਤਾਂ ਅਤੇ ਆਮ ਤੰਦਰੁਸਤੀ ਦੇ ਵਿਕਾਸ ਨੂੰ ਤੂਲ ਦੇਣ ਵਿੱਚ ਮਦਦ ਕਰਦੀਆਂ ਹਨ।

ਇਸ ਤੋਂ ਇਲਾਵਾ, ਸਿੱਖਿਅਕ ਤੁਹਾਡੇ ਬੱਚੇ ਨੂੰ ਜਾਣਨ ਲਈ ਤੁਹਾਡੇ ਅਤੇ ਤੁਹਾਡੇ ਪਰਿਵਾਰ ਨਾਲ ਭਾਈਵਾਲੀ ਵਿੱਚ ਕੰਮ ਕਰਦੇ ਹਨ। ਉਹ ਅਜਿਹਾ ਓਦੋਂ ਕਰਦੇ ਹਨ ਜਦ ਉਹ ਘਰ ਵਿਖੇ ਅਤੇ ਸੇਵਾ ਵਿੱਚ ਤੁਹਾਡੇ ਬੱਚੇ ਦੀਆਂ ਲੋੜਾਂ, ਨਿੱਤਨੇਮਾਂ ਅਤੇ ਅਨੁਭਵਾਂ ਬਾਰੇ ਤੁਹਾਡੇ ਨਾਲ ਬਕਾਇਦਾ ਤੌਰ 'ਤੇ ਗੱਲ ਕਰਦੇ ਹਨ।

ਹੇਠ ਲਿਖੇ ਖਾਸ ਕਰਕੇ ਮਹੱਤਵਪੂਰਨ ਹਨ:

- ਰੁੜ੍ਹਨ ਵਾਲੇ ਬੱਚਿਆਂ ਨਾਲ ਗੱਲ ਕਰਨ ਅਤੇ ਉਹਨਾਂ ਨਾਲ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ, ਸਿੱਖਿਅਕ ਸੰਭਾਲ ਦੇ ਨਿੱਤਨੇਮਾਂ ਵਿਚਲੇ ਮੌਕਿਆਂ ਦਾ ਲਾਹਾ ਲੈਂਦੇ ਹਨ, ਜਿਵੇਂ ਕਿ ਕੱਛੀ ਬਦਲਣ ਦੌਰਾਨ ਜਾਂ ਖਾਣੇ ਦੇ ਸਮਿਆਂ ਦੌਰਾਨ
- ਸਿੱਖਿਆ ਅਤੇ ਸੰਭਾਲ ਉਹਨਾਂ ਸਿੱਖਿਅਕਾਂ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ ਜੋ ਤੁਹਾਡੇ ਬੱਚੇ ਅਤੇ ਪਰਿਵਾਰ ਤੋਂ ਜਾਣੂੰ ਹੁੰਦੇ ਹਨ
- ਕਈ ਖੁਸ਼ਗਵਾਰ ਸਮਾਜਕ ਅੰਤਰਕਿਰਿਆਵਾਂ ਵਾਪਰਦੀਆਂ ਹਨ, ਜਿਨ੍ਹਾਂ ਵਿੱਚ ਵਾਰਤਾਲਾਪ, ਗੀਤ, ਤੁਕਾਂਤਕ ਕਵਿਤਾਵਾਂ, ਉਂਗਲੀ ਨਾਲ ਸੰਬੰਧਿਤ ਖੇਡਾਂ, ਅਤੇ ਕਿਤਾਬਾਂ ਨੂੰ ਸਾਂਝਾ ਕਰਨਾ
- ਰੁੜ੍ਹਨ ਵਾਲੇ ਬੱਚਿਆਂ ਦੇ ਤੇਜ਼ੀ ਨਾਲ ਬਦਲ ਰਹੇ ਵਿਵਹਾਰ ਦਾ ਆਦਰ ਕੀਤਾ ਜਾਂਦਾ ਹੈ ਅਤੇ ਸਿੱਖਿਅਕ ਰੁੜ੍ਹਨ ਵਾਲੇ ਬੱਚਿਆਂ ਨੂੰ ਇਹ ਦਿਖਾਉਣ ਲਈ ਸਮਾਂ ਕੱਢਦੇ ਹਨ ਕਿ ਹੋਰਨਾਂ ਨਾਲ ਮਿਲ-ਜੁਲ ਕੇ ਕਿਵੇਂ ਖੇਡਣਾ ਹੈ
- ਕਿਉਂਕਿ ਰੁੜ੍ਹਨ ਵਾਲੇ ਬੱਚੇ ਸਵੈ-ਕੰਟਰੋਲ ਵਾਸਤੇ ਲੋੜੀਂਦੀਆਂ ਮੁਹਾਰਤਾਂ ਨੂੰ ਅਜੇ ਸਿੱਖ ਹੀ ਰਹੇ ਹੁੰਦੇ ਹਨ, ਇਸ ਲਈ ਉਦੋਂ ਸੰਵੇਦਨਸ਼ੀਲ ਤਰੀਕੇ ਨਾਲ ਉਹਨਾਂ ਦਾ ਸਹਿਯੋਗ ਕੀਤਾ ਜਾਂਦਾ ਹੈ ਜਦ ਉਹ ਖਿਝ ਜਾਂਦੇ ਹਨ ਜਾਂ ਆਵੇਗ ਵਿੱਚ ਆ ਕੇ ਕਾਰਜ ਕਰਦੇ ਹਨ।

StartingBlocks.gov.au

## ਸਮਾਜਕ ਅਤੇ ਭਾਵਨਾਤਮਕ ਵਿਕਾਸ

ਰੁੜ੍ਹਨ ਵਾਲੇ ਬੱਚੇ ਹੋਰਨਾਂ ਵਿੱਚ ਰੁਚੀ ਵਿਕਸਿਤ ਕਰਨੀ ਸ਼ੁਰੂ ਕਰ ਰਹੇ ਹੁੰਦੇ ਹਨ, ਅਤੇ ਨਾਲ ਦੇ ਸਾਥੀਆਂ ਨਾਲ ਅੰਤਰਕਿਰਿਆ ਕਰਨ ਅਤੇ ਉਚਿਤ ਤਰੀਕੇ ਨਾਲ ਖੇਡਣ ਦੇ ਯੋਗ ਹੋਣ ਲਈ ਉਹਨਾਂ ਨੂੰ ਅਕਸਰ ਬਾਲਗਾਂ ਦਾ ਸਹਿਯੋਗ ਅਤੇ ਮੁੜ-ਭਰੋਸੇ ਦੀ ਲੋੜ ਹੁੰਦੀ ਹੈ।

ਹੇਠ ਲਿਖੇ ਖਾਸ ਕਰਕੇ ਮਹੱਤਵਪੂਰਨ ਹਨ:

- ਰੁੜ੍ਹਨ ਵਾਲੇ ਬੱਚਿਆਂ ਦੀਆਂ ਸੰਚਾਰ ਮੁਹਾਰਤਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ ਅਤੇ ਸਿੱਖਿਅਕ ਬੱਚਿਆਂ ਨੂੰ ਪਛਾਣਦੇ ਹਨ ਅਤੇ ਸੰਚਾਰ ਕਰਨ ਲਈ ਭਾਸ਼ਾ ਵਰਤਣ ਦੀ ਉਹਨਾਂ ਦੀ ਵਧ ਰਹੀ ਯੋਗਤਾ ਦਾ ਹੁੰਗਾਰਾ ਭਰਦੇ ਹਨ
- ਬੱਚਿਆਂ ਨੂੰ ਆਪਣੇ ਸਵੈ-ਮਾਣ ਅਤੇ ਆਤਮ-ਵਿਸ਼ਵਾਸ ਦਾ ਵਿਕਾਸ ਕਰਨ ਲਈ ਬਹੁਤ ਸਾਰਾ ਸਹਿਯੋਗ ਉਪਲਬਧ ਹੈ
- ਰੁੜ੍ਹਨ ਵਾਲੇ ਬੱਚਿਆਂ ਦੀ ਪਤਾ ਲਾਉਣ, ਪੜਚੋਲ ਕਰਨ ਅਤੇ ਜਾਂਚ ਕਰਨ ਦੀ ਉਤਸੁਕਤਾ ਅਤੇ ਤਾਂਘ ਦਾ ਲਾਹਾ ਲੈਣ ਲਈ ਯੋਜਨਾਬੱਧ ਅਤੇ ਆਪ-ਮੁਹਾਰੇ ਅਨੁਭਵਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ
- ਸਿੱਖਿਅਕ ਬੱਚਿਆਂ ਦੇ ਉਪਜ ਰਹੇ ਹਾਸਰਸ ਅਤੇ ਹਾਸੇ ਦਾ ਹੁੰਗਾਰਾ ਭਰਦੇ ਹਨ ਅਤੇ ਲੰਬੇ ਸਮੇਂ ਵਾਸਤੇ ਉਹਨਾਂ ਨਾਲ ਖੇਡਦੇ ਹਨ
- ਰੁੜ੍ਹਨ ਵਾਲੇ ਬੱਚਿਆਂ ਨੂੰ ਉਹਨਾਂ ਚੀਜ਼ਾਂ ਬਾਰੇ ਫੈਸਲੇ ਲੈਣ ਦੇ ਮੌਕੇ ਦਿੱਤੇ ਜਾਂਦੇ ਹਨ ਜੋ ਉਹਨਾਂ ਨੂੰ ਪ੍ਰਭਾਵਿਤ ਕਰਦੇ ਹਨ, ਉਦਾਹਰਨ ਲਈ ਜਦ ਉਹ ਦੁਪਹਿਰ ਦਾ ਭੋਜਨ ਖਾਂਦੇ ਹਨ ਜਾਂ ਜਦ ਉਹ ਸੌਂਦੇ ਅਤੇ ਆਰਾਮ ਕਰਦੇ ਹਨ।

## ਬੱਚਿਆਂ ਵਾਸਤੇ ਪ੍ਰੋਗਰਾਮ

ਗੁਣਵੱਤਾ ਭਰਪੂਰ ਅਭਿਆਸ ਉਸ ਸਮੇਂ ਵਾਪਰਦਾ ਹੈ ਜਦ ਸਿੱਖਿਅਕ ਲਚਕਦਾਰ ਯੋਜਨਾਵਾਂ ਬਣਾਉਂਦੇ ਹਨ, ਅਤੇ ਹਰ ਬੱਚੇ ਦੀਆਂ ਖੁਦ ਦੀਆਂ ਰੁਚੀਆਂ ਅਤੇ ਯੋਗਤਾਵਾਂ ਬਾਰੇ ਉਹਨਾਂ ਕੋਲ ਮੌਜੂਦ ਗਿਆਨ ਦੀ ਵਰਤੋਂ ਕਰਦੇ ਹੋਏ ਰੁੜ੍ਹਨ ਵਾਲੇ ਬੱਚਿਆਂ ਦੇ ਉਸਾਰੂ ਅਨੁਭਵਾਂ ਵਾਸਤੇ ਤਿਆਰੀ ਕਰਦੇ ਹਨ।

ਹੇਠ ਲਿਖੇ ਖਾਸ ਕਰਕੇ ਮਹੱਤਵਪੂਰਨ ਹਨ:

- ਬੱਚਿਆਂ ਦੇ ਪ੍ਰੋਗਰਾਮਾਂ ਦੇ ਹਰ ਪੱਖ ਦਾ ਮੁਲਾਂਕਣ ਕਰਨ ਲਈ ਸੇਵਾ ਕੋਲ ਵੱਖ-ਵੱਖ ਢਾਂਚਾਗਤ ਅਤੇ ਗੈਰ-ਰਸਮੀ ਤਰੀਕੇ ਹਨ ਜਿਨ੍ਹਾਂ ਦਾ ਟੀਚਾ ਸੁਧਾਰ ਕਰਨਾ ਹੈ
- ਸਿੱਖਿਅਕ ਲਗਾਤਾਰ ਇਸ ਬਾਰੇ ਸੋਚਦੇ ਰਹਿੰਦੇ ਹਨ ਕਿ ਬੱਚਿਆਂ ਅਤੇ ਪਰਿਵਾਰਾਂ ਵਾਸਤੇ ਅਨੁਭਵ ਕਿੰਨ੍ਹਾ ਕੁ ਵਧੀਆ ਹੈ ਅਤੇ ਕਿਹੜੇ ਸੁਧਾਰ ਕੀਤੇ ਜਾ ਸਕਦੇ ਹਨ।

## ਵਾਤਾਵਰਨ

ਰੁੜ੍ਹਨ ਵਾਲੇ ਬੱਚੇ ਦੇ ਅਨੁਭਵਾਂ ਵਿੱਚ ਭੌਤਿਕ ਵਾਤਾਵਰਨ ਇੱਕ ਅਹਿਮ ਭੂਮਿਕਾ ਨਿਭਾਉਂਦਾ ਹੈ।

ਸ਼ੁਰੂਆਤੀ ਸਿੱਖਿਆ ਦਾ ਵਾਤਾਵਰਨ ਭਾਸ਼ਾ ਅਤੇ ਪ੍ਰਿੰਟ ਨਾਲ ਭਰਪੂਰ ਹੋਣਾ ਚਾਹੀਦਾ ਹੈ, ਅਤੇ ਸਿੱਖਿਅਕਾਂ ਨੂੰ ਬੱਚਿਆਂ ਨਾਲ ਇਸ ਬਾਰੇ ਗੱਲਬਾਤ ਕਰਨੀ ਚਾਹੀਦੀ ਹੈ ਕਿ ਉਹਨਾਂ ਦੇ ਨਾਲ ਅਤੇ ਉਹਨਾਂ ਦੇ ਆਸਪਾਸ ਕੀ ਵਾਪਰ ਰਿਹਾ ਹੈ।

ਹੇਠ ਲਿਖੇ ਖਾਸ ਕਰਕੇ ਮਹੱਤਵਪੂਰਨ ਹਨ:

- ਵਾਤਾਵਰਨ ਭਰਪੂਰ ਅਤੇ ਟੁੰਬਣ ਵਾਲਾ ਹੈ, ਜਦਕਿ ਉਸੇ ਸਮੇਂ ਇਹ ਕਿਆਸਣਯੋਗ ਵੀ ਹੈ ਅਤੇ ਹੱਦੋਂ ਵੱਧ ਬਿਹਬਲ ਕਰਨ ਵਾਲਾ ਜਾਂ ਬੇਹੱਦ ਰੁਝੇਵੇਂ ਵਾਲਾ ਨਹੀਂ ਹੈ। ਉਦਾਹਰਨ ਲਈ ਕੱਛੀ ਬਦਲਣ ਅਤੇ ਖਾਣ ਦੇ ਸਮੇਂ ਦੇ ਨਿੱਤਨੇਮ ਹਰ ਦਿਨ ਇੱਕੋ ਤਰੀਕੇ ਨਾਲ ਵਾਪਰਦੇ ਹਨ
- ਸ਼ੋਰ ਅਤੇ ਕਿਰਿਆ ਦਾ ਖੁਸ਼ਗਵਾਰ ਅਤੇ ਸਹਿਜ ਪੱਧਰ ਮੌਜੂਦ ਹੈ ਅਤੇ ਆਰਾਮ ਅਤੇ ਸ਼ਾਂਤੀ ਦਾ ਸਮਾਂ ਵੀ ਹੈ
- ਰੁੜ੍ਹਨ ਵਾਲੇ ਬੱਚਿਆਂ ਦੀ ਖੇਡ ਅਤੇ ਸਿੱਖਿਆ ਦਾ ਸਹਿਯੋਗ ਕਰਨ ਲਈ ਕੁਦਰਤੀ ਸਮੱਗਰੀਆਂ ਅਤੇ ਨਾਲ ਹੀ ਵਪਾਰਕ ਸਮੱਗਰੀਆਂ ਦੀ ਵਰਤੋਂ ਕੀਤੀ ਜਾਂਦੀ ਹੈ।



StartingBlocks.gov.au

## ਸਿਹਤ ਅਤੇ ਸੁਰੱਖਿਆ

ਬੱਚਿਆਂ ਦੀ ਸਿਹਤ ਬਰਕਰਾਰ ਰੱਖਣਾ ਅਤੇ ਉਹਨਾਂ ਨੂੰ ਸੁਰੱਖਿਅਤ ਰੱਖਣਾ ਹਰੇਕ ਕਿਸੇ ਵੀ ਸ਼ੁਰੂਆਤੀ ਸਿੱਖਿਆ ਸੇਵਾ ਸਭ ਤੋਂ ਵੱਧ ਬੁਨਿਆਦੀ ਜ਼ਿੰਮੇਵਾਰੀ ਹੈ।

ਸੇਵਾ ਸਥਾਪਨਾਵਾਂ ਵਿਚਲੇ ਬੱਚਿਆਂ ਦੀ ਛੂਤਕਾਰੀ ਬਿਮਾਰੀਆਂ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਘਰ ਨਾਲੋਂ ਵਧੇਰੇ ਹੁੰਦੀ ਹੈ। ਇਹ ਖਾਸ ਕਰਕੇ ਮਹੱਤਵਪੂਰਨ ਹੈ ਕਿ ਸਾਫ਼-ਸਫ਼ਾਈ ਦੀਆਂ ਰਵਾਇਤਾਂ ਰਾਹੀਂ ਅਤੇ ਲੋੜ ਪੈਣ 'ਤੇ ਬਿਮਾਰ ਬੱਚਿਆਂ ਨੂੰ ਪਾਸੇ ਕਰਕੇ ਇਕ ਤੋਂ ਦੂਜੇ ਨੂੰ ਲੱਗਣ ਵਾਲੀ ਲਾਗ ਨੂੰ ਘੱਟੋ-ਘੱਟ ਕਰਨ ਲਈ ਸੇਵਾ ਕੋਲ ਸਪੱਸ਼ਟ ਪ੍ਰਕਿਰਿਆਵਾਂ ਹੋਣ। ਸੇਵਾ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪਰਿਵਾਰਾਂ ਨੂੰ ਸਿਹਤ, ਪੋਸ਼ਣ ਅਤੇ ਬਿਮਾਰੀ ਬਾਰੇ ਸੇਵਾ ਦੀਆਂ ਵਰਤਮਾਨ ਨੀਤੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਕਿਸੇ ਗੁਣਵੱਤਾ ਭਰਪੂਰ ਸੇਵਾ ਨੂੰ ਇਹ ਕਰਨਾ ਚਾਹੀਦਾ ਹੈ:

- ਸਿਫਾਰਸ਼ ਕੀਤੀਆਂ ਜਾਂਦੀਆਂ ਧੁੱਪ ਤੋਂ ਸੁਰੱਖਿਆ ਬਾਰੇ ਪ੍ਰਥਾਵਾਂ ਨੂੰ ਲਾਗੂ ਕਰਨਾ ਚਾਹੀਦਾ ਹੈ
- ਬੱਚਿਆਂ ਦੀ ਅਸਰਦਾਰ ਤਰੀਕੇ ਨਾਲ ਨਿਗਰਾਨੀ ਕਰਨੀ ਚਾਹੀਦੀ ਹੈ
- ਬੱਚਿਆਂ ਦੀ ਪੋਸ਼ਣ ਸੰਬੰਧੀ ਸਿਹਤ ਨੂੰ ਵਧਾਵਾ ਦੇਣ ਲਈ ਇੱਕ ਨੀਤੀ ਰੱਖਣੀ ਚਾਹੀਦੀ ਹੈ
- ਅੰਦਰ ਅਤੇ ਬਾਹਰ ਸੁਰੱਖਿਅਤ ਖੇਤਰ ਹੋਣੇ ਚਾਹੀਦੇ ਹਨ, ਜਿੱਥੇ ਰੁੜ੍ਹਨ ਵਾਲੇ ਬੱਚੇ ਆਪਣੀਆਂ ਵਿਕਸਿਤ ਹੋ ਰਹੀਆਂ ਸਰੀਰਕ ਮੁਹਾਰਤਾਂ ਦਾ ਅਭਿਆਸ ਕਰ ਸਕਦੇ ਹਨ ਜਿਵੇਂ ਕਿ ਉੱਪਰ ਚੜ੍ਹਨਾ, ਸੰਤੁਲਨ ਬਣਾਉਣਾ, ਦੌੜਨਾ, ਅਤੇ ਕੁੱਦਣਾ
- ਸਮੁੱਚੇ ਦਿਨ ਦੌਰਾਨ ਬੱਚਿਆਂ ਦੀ ਸਿਹਤ ਅਤੇ ਭਲਾਈ ਬਾਰੇ ਜਾਣਕਾਰੀ ਦਾ ਵਟਾਂਦਰਾ ਕਰਨ ਵਾਸਤੇ ਅਸਰਦਾਰ ਪ੍ਰਕਿਰਿਆਵਾਂ ਰੱਖਣੀਆਂ ਚਾਹੀਦੀਆਂ ਹਨ।

## ਰੁੜ੍ਹਨ ਵਾਲੇ ਬੱਚਿਆਂ ਵਾਸਤੇ ਇੱਕ ਗੁਣਵੱਤਾ ਭਰਪੂਰ ਸੇਵਾ ਦੀ ਚੋਣ ਕਰਨਾ

ਕੁਝ ਸਵਾਲ ਜੋ ਆਪਣੇ ਰੁੜ੍ਹਨ ਵਾਲੇ ਬੱਚੇ ਵਾਸਤੇ ਸ਼ੁਰੂਆਤੀ ਸਿੱਖਿਆ ਬਾਰੇ ਵਿਚਾਰ ਕਰਦੇ ਸਮੇਂ ਤੁਹਾਨੂੰ ਲਾਭਦਾਇਕ ਲੱਗ ਸਕਦੇ ਹਨ, ਉਹਨਾਂ ਵਿੱਚ ਸ਼ਾਮਲ ਹਨ:

- ਜੇ ਮੇਰਾ ਬੱਚਾ ਪਰੇਸ਼ਾਨ ਹੋ ਜਾਂਦਾ ਹੈ, ਜਾਂ ਸ਼ੁਰੂਆਤ ਕਰਨ ਮੌਕੇ ਉਸ ਨੂੰ ਮੇਰੇ ਤੋਂ ਜੁਦਾ ਹੋਣ ਵਿੱਚ ਮੁਸ਼ਕਿਲ ਆਉਂਦੀ ਹੈ ਤਾਂ ਸਿੱਖਿਅਕ ਮੇਰੇ ਬੱਚੇ ਨੂੰ ਢਾਰਸ ਕਿਵੇਂ ਦੇਣਗੇ?
- ਦਿਨ ਦੌਰਾਨ ਮੇਰੇ ਬੱਚੇ ਦੇ ਭੋਜਨ ਖਾਣ, ਸੌਣ ਅਤੇ ਟੱਟੀ-ਪਿਸ਼ਾਬ ਕਰਨ ਬਾਰੇ ਮੈਨੂੰ ਕਿਵੇਂ ਸੂਚਿਤ ਕੀਤਾ ਜਾਵੇਗਾ?
- ਜਦ ਉਹ ਟੱਟੀ-ਪਿਸ਼ਾਬ ਕਰਨਾ ਸਿੱਖ ਰਹੇ ਹੋਣਗੇ ਤਾਂ ਮੇਰੇ ਬੱਚੇ ਦੀ ਸਹਾਇਤਾ ਕਿਵੇਂ ਕੀਤੀ ਜਾਵੇਗੀ?
- ਕਿਹੜਾ/ੜੇ ਸਿੱਖਿਅਕ ਮੇਰੇ ਬੱਚੇ ਦਾ ਮੁੱਖ ਸੰਭਾਲ ਕਰਤਾ ਹੋਵੇਗਾ/ਹੋਣਗੇ?
- ਕੀ ਮੇਰਾ ਬੱਚਾ ਉਸੇ ਨਿੱਤਨੇਮ ਦੀ ਪਾਲਣਾ ਕਰਨ ਦੇ ਯੋਗ ਹੋਵੇਗਾ ਜੋ ਉਸਦਾ ਘਰ ਵਿਖੇ ਹੈ?
- ਸਿੱਖਿਅਕ ਮੇਰੇ ਬੱਚੇ ਦੇ ਵਿਵਹਾਰ ਲਈ ਮਾਰਗ-ਦਰਸ਼ਨ ਕਿਵੇਂ ਦੇਣਗੇ?
- ਮੇਰੇ ਰੁੜ੍ਹਨ ਵਾਲੇ ਬੱਚੇ ਵਾਸਤੇ ਪ੍ਰੋਗਰਾਮ ਕਿਸ ਤਰ੍ਹਾਂ ਦਿਖਾਈ ਦੇਵੇਗਾ?
- ਮੈਂ ਆਪਣੇ ਰੁੜ੍ਹਨ ਵਾਲੇ ਬੱਚੇ ਬਾਰੇ ਜਾਣਕਾਰੀ ਉਸਦੇ ਸਿੱਖਿਅਕ ਨਾਲ ਕਿਵੇਂ ਸਾਂਝੀ ਕਰ ਸਕਦਾ/ਦੀ ਹਾਂ?

